ਵਿਸ਼ਾ:- ਕਿਸਾਨਾਂ ਲਈ ਜਰੂਰੀ ਪ੍ਰੈਸ ਨੋਟ ਅਖਬਾਰਾਂ ਵਿਚ ਜਾਰੀ ਕਰਨ ਬਾਰੇ ।

ਡਾਇਰੈਕਟਰ ਖੇਤੀਬਾੜੀ, ਪੰਜਾਬ ਨੇ ਅੱਜ ਮਿਤੀ 11.03.2016 ਨੂੰ ਮੌਸਮ ਵਿਭਾਗ ਵਲੋਂ ਜਾਰੀ ਕੀਤੀ ਗਈ ਐਡਵਾਇਜਰੀ ਨੂੰ ਮੁੱਖ ਰੱਖਦਿਆਂ ਹੋਇਆਂ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਣਕ ਦੀ ਫਸਲ ਨੂੰ ਪਾਣੀ ਲਗਾਉਣ ਤੋਂ ਪਹਿਲਾਂ ਮੌਸਮ ਦਾ ਮਿਜਾਜ ਦੇਖ ਲੈਣ । ਮੌਸਮ ਵਿਭਾਗ ਵਲੋਂ ਦੱਸਿਆ ਗਿਆ ਹੈ ਕਿ ਆਉਣ ਵਾਲੇ 3-4 ਦਿਨਾਂ ਦੌਰਾਨ ਪੰਜਾਬ ਅਤੇ ਇਸ ਦੇ ਨਾਲ ਲੱਗਦੇ ਇਲਾਕਿਆਂ ਵਿਚ ਦਰਮਿਆਨੀ ਤੋਂ ਭਾਰੀ ਵਰਖਾ ਹੋਣ ਅਤੇ ਗੜੇ ਪੈਣ ਦੀ ਵੀ ਸੰਭਾਵਨਾ ਹੈ । ਇਸ ਲਈ ਕਿਸਾਨ ਵੀਰ ਕਾਹਲੀ ਵਿਚ ਕਣਕ ਦੀ ਫਸਲ ਨੂੰ ਪਾਣੀ ਨਾ ਲਗਾਉਣ । ਅਗਰ ਕਣਕ ਅਤੇ ਹੋਰ ਹਾੜੀ ਫਸਲਾਂ ਨੂੰ ਇਸ ਸਟੇਜ ਤੇ ਜਰੂਰਤ ਤੋਂ ਜਿਆਦਾ ਪਾਣੀ ਲਗਾ ਦਿੱਤਾ ਜਾਵੇ ਤਾਂ ਹੋਣ ਵਾਲੀ ਬਾਰਸ਼ ਅਤੇ ਤੇਜ ਹਵਾਵਾਂ ਫਸਲ ਦਾ ਕਾਫੀ ਨੁਕਸਾਨ ਕਰ ਸਕਦੀਆਂ ਹਨ । ਇਸ ਸਬੰਧੀ ਜਰੂਰਤ ਹੈ ਕਿ ਕਿਸਾਨ ਮੌਸਮ ਵਿਭਾਗ, ਪੀ.ਏ.ਯੂ. ਅਤੇ ਖੇਤੀਬਾੜੀ ਵਿਭਾਗ ਵਲੋਂ ਅਖਬਾਰਾਂ, ਦੂਰਦਰਸ਼ਨ ਅਤੇ ਆਲ ਇੰਡੀਆ ਰੇਡੀਓ / ਐਫ.ਐਮ. ਚੈਨਲਾਂ ਵਲੋਂ ਮੌਸਮ ਸਬੰਧੀ ਜਾਣਕਾਰੀ ਤੇ ਨਿਗਾਹ ਬਣਾਏ ਰੱਖਣ ਅਤੇ ਮੌਸਮ ਜਿਆਦਾ ਖੁਸ਼ਕ ਹੋਣ ਤੇ ਹੀ ਪਾਣੀ ਲਗਾਉਣ । ਇਸ ਸਬੰਧੀ ਸਾਵਧਾਨੀ ਵਰਤਕੇ ਹੀ ਹਾੜੀ ਦੀਆਂ ਫਸਲਾਂ ਦਾ ਚੰਗਾ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ ।